ਨੰ: 14/88 ਮਿਤੀ 8/6/15

3915
08 JUN 2015

ਪੰਜਾਬ ਸਰਕਾਰ
ਸਿੰਚਾਈ ਵਿਭਾਗ
( ਸਿੰਚਾਈ ਪ੍ਰਸੋਨਲ-1 ਸ਼ਾਖਾ)

**ਪੰਜਾਬ ਦੇ ਰਾਜਪਾਲ ਜੀ ਦੇ ਹੁਕਮ**

ਵਿਭਾਗੀ ਤਰੱਕੀ ਕਮੇਟੀ ਵੱਲੋਂ ਮਿਤੀ 30.03.2015 ਨੂੰ ਕੀਤੀ ਗਈ ਮੀਟਿੰਗ ਉਪਰੰਤ ਵਿਭਾਗੀ ਤਰੱਕੀ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਸਨਮੁੱਖ **ਸ੍ਰੀ ਹਰਜੀਤ ਸਿੰਘ**, ਨਿਗਰਾਨ ਇੰਜੀਨੀਅਰ, ਸੀਨੀਆਰਤਾ ਨੰ: 07 ਦੀ ਬਤੌਰ ਮੁੱਖ ਇੰਜੀਨੀਅਰ, ਤਨਖਾਹ ਸਕੇਲ 37400-67000+10000 (ਗਰੇਡ-ਪੇਅ) ਵਿੱਚ ਪਦ-ਉੱਨਤੀ ਹੇਠ ਲਿਖੀਆਂ ਸ਼ਰਤਾਂ ਦੇ ਆਧਾਰ ਤੇ ਕੀਤੀ ਜਾਂਦੀ ਹੈ:-

ੳ) ਇਹ ਤਰੱਕੀ, ਸੀਨੀਆਰਤਾ ਸਬੰਧੀ ਜੇਕਰ ਕੋਈ ਕੋਰਟ ਕੇਸ ਜਾਂ ਹੋਰ ਕੋਈ ਫੈਸਲਾ ਹੁੰਦਾ ਹੈ ਤਾਂ ਉਸ ਕੇਸ ਦੇ ਅੰਤਿਮ ਫੈਸਲੇ ਤੇ ਨਿਰਭਰ ਹੋਵੇਗੀ।

ਅ) ਇਹ ਤਰੱਕੀ ਰਾਖਵੇਂਕਰਨ ਸਬੰਧੀ 85 ਵੀਂ ਸੰਵਿਧਾਨਿਕ ਤਰਮੀਮ ਸਬੰਧੀ ਸਰਕਾਰ ਵਲੋਂ ਸਮੇਂ-2 ਤੇ ਜਾਰੀ ਕੀਤੀਆਂ ਜਾਣ ਵਾਲੀਆਂ ਪਾਲਿਸੀ/ਹਦਾਇਤਾਂ ਤੇ ਆਧਾਰਿਤ ਹੋਵੇਗੀ।

ੲ) ਸਰਕਾਰ ਦੀਆਂ ਹਦਾਇਤਾਂ ਨੰ: 3/41/2002-3ਪੀਪੀ1, ਮਿਤੀ 4.6.2002 ਦੇ ਸਨਮੁੱਖ ਉਕਤ ਅਧਿਕਾਰੀ ਦੀ ਤਰੱਕੀ ਕਾਰਨ ਫੀਡਰ ਕਾਡਰ ਦੀ ਸਭ ਤੋਂ ਹੇਠਲੇ ਕਾਡਰ ਦੀ ਖਾਲੀ ਹੋਈ ਅਸਾਮੀ ਖਤਮ ਸਮਝੀ ਜਾਵੇਗੀ।

ਸ) ਪਦ-ਉਨਤ ਹੋਣ ਵਾਲੇ ਅਧਿਕਾਰੀ ਨੂੰ ਜੁਆਇਨ ਕਰਨ ਦੀ ਮਿਤੀ ਤੋਂ ਬਤੌਰ ਮੁੱਖ ਇੰਜੀਨੀਅਰ ਇੱਕ ਸਾਲ ਦੇ ਪਰਖ ਕਾਲ ਦੇ ਸਮੇਂ ਤੇ ਰੱਖਿਆ ਜਾਵੇਗਾ।

ਹ) ਜੇਕਰ ਪਦ-ਉਨਤੀ ਹੋਣ ਵਾਲੇ ਅਧਿਕਾਰੀ ਦੇ ਸੇਵਾ ਰਿਕਾਰਡ ਵਿੱਚ ਕੋਈ ਖਾਮੀ/ਕਲੈਰੀਕਲ ਗਲਤੀ ਸਰਕਾਰ ਦੇ ਧਿਆਨ ਵਿੱਚ ਆਉਂਦੀ ਹੈ ਤਾਂ ਇਸ ਪਦ-ਉਨਤੀ ਤੇ ਮੁੜ ਵਿਚਾਰ ਕੀਤੀ ਜਾ ਸਕਦੀ ਹੈ।

ਕ) ਇਹ ਪੱਦ ਉਨਤੀ ਮੁੱਖ ਇੰਜੀਨੀਅਰ ਦੀ ਅਸਾਮੀ ਤੇ ਹਾਜਰ ਹੋਣ ਦੀ ਮਿਤੀ ਤੋਂ ਲਾਗੂ ਹੋਵੇਗੀ।

**ਕਾਹਨ ਸਿੰਘ ਪੰਨੂੰ**
ਸਕੱਤਰ, ਪੰਜਾਬ ਸਰਕਾਰ,
ਸਿੰਚਾਈ ਵਿਭਾਗ

ਮਿਤੀ, ਚੰਡੀਗੜ੍ਹ
03 ਜੂਨ, 2015

ਪਿ:ਅੰ:ਨੰ: 03/06/2014-1ਸਿੰਪ੍ਰੋ(1)/500722/3 ਮਿਤੀ, ਚੰਡੀਗੜ੍ਹ: 4/6/15

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

ਕੰਪਿਊਟਰ ਸੈਲ

1. ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
2. ਸਮੂਹ ਮੁੱਖ ਇੰਜੀਨੀਅਰ/ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
3. ਇੰਚਾਰਜ, ਕੰਪਿਊਟਰ ਸੈਲ, ਮੁੱਖ ਦਫਤਰ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
4. ਸਕੱਤਰ, ਬੀ.ਬੀ.ਐਮ.ਬੀ, ਸੈਕਟਰ-19, ਮੱਧਿਆ ਮਾਰਗ, ਚੰਡੀਗੜ੍ਹ।
5. ਮਹਾਂਲੇਖਾਕਾਰ, (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
6. ਸ੍ਰੀ ਹਰਜੀਤ ਸਿੰਘ, ਨਿਗਰਾਨ ਇੰਜੀਨੀਅਰ, ਬੀ.ਬੀ.ਐਮ.ਬੀ., ਤਲਵਾੜਾ।

ਸੁਪਰਡੰਟ

ਅੰਦਰੂਨੀ ਵੰਡ:-

- ਨਿੱ:ਸ:/ ਮਾਨਯੋਗ ਸਿੰਚਾਈ ਮੰਤਰੀ ਜੀ
- ਸਕੱਤਰ/ ਪ੍ਰਮੁੱਖ ਸਕੱਤਰ ਸਿੰਚਾਈ ਜੀ
- ਨਿੱ.ਸ/ ਮਾਨਯੋਗ ਸਕੱਤਰ ਸਿੰਚਾਈ ਜੀ
- ਸ.ਸ.ਸ./ਅਧੀਨ ਸਕੱਤਰ ਸਿੰਚਾਈ (ਜ)
- ਸ.ਸ.ਸ./ਅਧੀਨ ਸਕੱਤਰ ਸਿੰਚਾਈ (ਹ)
- ਸੁਪਰਡੰਟ, ਸਿੰਚਾਈ ਪ੍ਰੋਸਨਲ-2,3, ਪ੍ਰੋਜੈਕਟ ਅਤੇ ਕਾਰਜ ਸਾਖਾ।